# ਅਖੰਡੀ ਪੁਰੀਆਂ

# ਅਖੰਡੀ ਧੁਨੀਆਂ

ਉਹ ਧੁਨੀਆਂ ਜਿੰਨ੍ਹਾਂ ਨੂੰ ਬੋਲਾਂ ਵਿੱਚ ਨਿਖੇੜ ਕੇ ਨਹੀਂ ਲਿਖਿਆ ਜਾ ਸਕਦਾ ਜਾਂ ਜਿੰਨ੍ਹਾਂ ਨੂੰ ਸ੍ਵਰਾਂ ਅਤੇ ਵਿਅੰਜਨਾਂ ਦੀ ਤਰ੍ਹਾਂ ਵੱਖ ਨਹੀਂ ਕੀਤਾ ਜਾ ਸਕਦਾ। ਇਹ ਇਕੱਲੀਆਂ ਨਹੀਂ ਸਗੋਂ ਖੰਡੀ ਧੁਨੀਆਂ ਦੇ ਨਾਲ ਪ੍ਰਯੋਗ ਹੁੰਦੀਆਂ ਹਨ।

- ਅਖੰਡੀ ਧੁਨੀਆਂ ਵਿੱਚ ਨਾਸਿਕਤਾ, ਬਲ, ਸੁਰ, ਸੰਗਮ ਅਤੇ ਸੁਰ ਲਹਿਰ ਆ ਜਾਂਦੇ ਹਨ।

- ਅਖੰਡੀ ਧੁਨੀਆਂ ਵਿੱਚ ਨਾਸਿਕਤਾ, ਬਲ, ਸੁਰ, ਸੰਗਮ ਅਤੇ ਸੁਰ ਲਹਿਰ ਆ ਜਾਂਦੇ ਹਨ।
- ਨਾਸਿਕਤਾ
- ਬਲ
- ਸੁਰ

ਨਾਸਿਕਤਾ- ਨਾਸਿਕਤਾ ਅੰਕਿਤ ਕਰਨ ਲਈ ਬਿੰਦੀ ਅਤੇ ਟਿੱਪੀ ਚਿੰਨ੍ਹ ਵਰਤੇ ਜਾਂਦੇ ਹਨ। ਇਹਨਾਂ ਨੂੰ ਅਖੰਡੀ ਨਾਸਕੀ ਚਿੰਨ੍ਹ ਕਿਹਾ ਜਾਂਦਾ ਹੈ।

- ਬਲ- ਕਈ ਸ਼ਬਦ ਅਸੀਂ ਬਲ ਦੇ ਕੇ ਬੋਲਦੇ ਹਾਂ ਜਿਸ ਨਾਲ ਸਾਹ 'ਤੇ ਜੋਰ ਪੈਂਦਾ ਹੈ। ਲਿਖਤੀ ਰੂਪ ਵਿੱਚ ਬਲ ਨੂੰ ਦਰਸਾਉਣ ਲਈ ਅਧਕ ਦੀ ਵਰਤੋਂ ਕੀਤੀ ਜਾਂਦੀ ਹੈ। ਬਲ ਦੇ ਨਾਲ ਸ਼ਬਦਾਂ ਦੇ ਅਰਥਾਂ ਵਿੱਚ ਫਰਕ ਪੈਂਦਾ ਹੈ।

ਜਿਵੇਂ- •ਬਚਾ •ਬੱਚਾ • ਪਤਾ •ਪੱਤਾ

**ਸੁਰ**- ਸੁਰ ਦਾ ਸੰਬੰਧ ਮਨੁੱਖੀ ਅਵਾਜ਼ ਨਾਲ ਹੈ। ਬੋਲਣ ਸਮੇਂ ਵੱਖ-ਵੱਖ ਤਰ੍ਹਾਂ ਦੀਆਂ ਅਵਾਜ਼ਾਂ ਸੁਰ ਕਾਰਨ ਹੀ ਬਣਦੀਆਂ ਹਨ। ਪੰਜਾਬੀ ਭਾਸ਼ਾ ਦੇ ਤਿੰਨ ਸੁਰ ਹਨ:-

- **ਉੱਚਾ ਸੁਰ**
- **ਮੱਧਮ ਸੁਰ**
- **ਨੀਵਾਂ ਸੁਰ**